National Research Journal of Social Sciences
Volume-11, Issue-1, January-June 2026
PP: 3-9

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਗਤੀ ਦਰਸ਼ਨ

**ਸਵਿੰਦਰ ਪਾਲ**

ਪ੍ਰਿੰਸੀਪਲ
ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ, ਜ਼ਿਲਾ ਕਪੂਰਥਲਾ

ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਤਿਆਗ, ਤਪੱਸਿਆ, ਸਾਧਨਾ, ਭਗਤੀ ਭਾਵ, ਵੈਰਾਗ (ਸਹਿਜ), ਪਰਉਪਕਾਰ, ਕਰੁਣਾ, ਦਯਾ, ਸੰਜਮ ਅਤੇ ਖਿਮਾ ਦੇ ਲਈ ਸੰਸਾਰ ਪ੍ਰਸਿੱਧ ਹਨ। ਆਪ ਜੀ ਦੇ ਸਮੇਂ ਭਾਰਤੀ ਪਰਜਾ ਵਿਆਕੁਲ ਭੈਭੀਤ ਅਤੇ ਦੁਖੀ ਹੋ ਕੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਬੇਇਨਸਾਫੀ ਦੀ ਚੱਕੀ ਦੇ ਪਿੜਾਂ ਵਿਚ ਬੁਰੀ ਤਰ੍ਹਾਂ ਪਿਸ ਰਹੀ ਸੀ। ਰਾਜਨੀਤਿਕ ਤੌਰ ਤੇ ਸਮਕਾਲੀ ਮੁਗਲ ਹਕੂਮਤ ਨਿਰਦਈ ਅਤੇ ਕੱਟੜਪੰਥੀ ਸੁਲਤਾਨ ਔਰੰਗਜੇਬ ਦੇ ਜ਼ਬਰ ਜ਼ੁਲਮ ਦੇ ਤਹਿਤ ਹਿੰਦੁਸਤਾਨ ਨੂੰ ਦਾਰੁਲ-ਇਸਲਾਮ ਬਣਾਉਣ ਲਈ ਜ਼ਬਰੀ ਤੇ ਸਮੂਹਿਕ ਧਰਮ ਬਦਲੀ, ਤੁਅਸਬੀ ਅਤੇ ਹਿੰਸਕ ਨੀਤੀ ਦੇ ਹੱਥਕੰਡੇ ਅਪਨਾ ਰਹੀ ਸੀ। ਸਮਾਜਿਕ ਵਖਰੇਵਿਆਂ ਅਤੇ ਜਾਤ ਪਾਤ ਦੇ ਬੰਧਨਾਂ ਨੇ ਅਨੇਕਾਂ ਵਿਤਕਰੇ ਖੜੇ ਕੀਤੇ ਹੋਏ ਸਨ। ਧਰਮ ਕਰਮ-ਕਾਂਡਾਂ ਅਤੇ ਖੋਖਲੀਆਂ ਰਸਮਾਂ ਦੀ ਪ੍ਰਧਾਨਤਾ ਸੀ। ਪਰਜਾ ਦੀ ਅਜਿਹੀ ਦੁਰਗਤ ਹੋ ਰਹੀ ਸੀ ਕਿ ਰਾਜਨੀਤਿਕ ਸਿਸ਼ਟਾਚਾਰ, ਧਾਰਮਿਕ ਭਾਵਨਾ ਅਤੇ ਸਦਾਚਾਰ ਜੀਵਨ ਦੇ ਖੇਤਰ ਵਿਚੋਂ ਅਲੋਪ ਹੋ ਚੁੱਕਾ ਸੀ। ਉਹ ਆਪਣੇ ਜੀਵਨ ਦੇ ਅਸਲ ਮਨੋਰਥ ਨੂੰ ਭੁੱਲ ਚੁੱਕੇ ਸਨ। ਅਜਿਹੇ ਹਾਲਾਤ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਗਤੀ ਪਰਿਪ੍ਰੇਖ ਰਾਹੀਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਤਸ਼ੱਦਦ ਨਾਲ ਨਜਿੱਠਣ ਦਾ ਮਾਰਗ ਦਰਸ਼ਨ ਦਿੱਤਾ।ਇਸ ਪਰਚੇ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਭਗਤੀ ਦਰਸ਼ਨ ਦਾ ਸੰਕਲਪ ਲਿਆ ਗਿਆ ਹੈ ਜਿਸ ਨੂੰ ਦੋ ਹਿੱਸਿਆ ਵਿਚ ਵੰਡਿਆ ਗਿਆ ਹੈ : ਪਹਿਲਾਂ ਭਗਤੀ ਦੇ ਲੱਛਣ ਅਤੇ ਦੂਜਾ ਭਗਤੀ ਦੇ ਸਾਧਨ ਕੀ ਹਨ।

ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜਸੇਵਾਯਾਮ' ਤੋਂ ਪਾਣਿਨੀ ਦੇ ਸੂਤਰ 'ਇਸਤ੍ਰੀਆ ਕਤਿਨ' (ਨੰ: 3/3/94) ਦੇ ਅਨੁਸਾਰ 'ਕਤਿਨ' ਪ੍ਰਤਯਯ ਜੋੜਨ ਨਾਲ ਬਣਿਆ ਹੈ। ਪ੍ਰਤਯਯ ਦਾ ਅਰਥ ਹੈ 'ਪ੍ਰੇਮ' ਅਤੇ ਧਾਤੂ ਦਾ ਅਰਥ ਹੈ 'ਸੇਵਾ ਕਰਨਾ' ਦੋਹਾਂ ਦੇ ਮੇਲ ਦਾ ਭਾਵ ਹੈ 'ਪ੍ਰੇਮ ਭਾਵ ਨਾਲ ਪ੍ਰਭੂ ਦੀ ਸੇਵਾ ਕਰਨਾ। ਭਗਤੀ ਰਾਹੀ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀਆਂ ਇੰਦਰੀਆਂ ਦੀ ਸੁਭਾਵਕ ਬਿਰਤੀ ਨਿਸ਼ਕਾਮ ਰੂਪ ਨਾਲ ਪਰਮਾਤਮਾ ਵਲ ਲੱਗ ਜਾਂਦੀ ਹੈ। ਮਨ ਨੂੰ ਪਰਮਾਤਮਾ ਵਿਚ ਪੂਰਨ ਭਾਂਤ ਕੇਂਦ੍ਰਿਤ ਕਰਕੇ ਕਿਸੇ ਫਲ ਦੀ ਇੱਛਾ ਕੀਤੇ ਬਿਨਾਂ ਉਸ ਦੇ ਨਿਰੰਤਰ ਭਜਨ ਨੂੰ ਹੀ ਭਗਤੀ ਆਖਿਆ ਗਿਆ ਹੈ। ਸੋ ਭਗਤੀ ਨੂੰ ਪਰਮਾਤਮਾ ਦੀ ਨਿਸ਼ਕਾਮ ਸੇਵਾ ਦਾ ਨਾਂ ਦਿੱਤਾ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਭਗਤੀ ਭਾਵਨਾ ਨਾਲ ਭਰਪੂਰ ਹੈ। ਆਪ ਨੇ ਭਗਤੀ ਦਾ ਬਹੁਪੱਖੀ ਅਤੇ ਵਿਸਤ੍ਰਿਤ ਸੰਕਲਪ ਤੇ ਚਿੰਤਨ ਪ੍ਰਸਤੁਤ ਕੀਤਾ ਹੈ। ਅਸਲ ਵਿੱਚ ਭਗਤੀ ਇੱਕ ਦਾਤ ਹੈ, ਕ੍ਰਿਪਾ ਹੈ, ਮਿਹਰ ਹੈ, ਇਸ ਦੇ ਨਿਯਮ ਰੱਬੀ ਹਨ। ਇਨ੍ਹਾਂ ਬਾਰੇ ਕੋਈ ਗੁਰਮੁੱਖ ਆਤਮਾ ਹੀ ਕੇਵਲ ਹਰਸ਼ ਅਤੇ ਵਿਸਮਾਦ ਦੀ ਭਾਵਨਾ ਪ੍ਰਗਟ ਕਰ ਸਕਦੀਆਂ ਹਨ। ਗੁਰੂ ਜੀ ਨੇ ਬਹੁਤ ਹੀ ਸੁੰਦਰ ਅਤੇ ਸੁਹਜਮਈ ਸ਼ਬਦਾਵਲੀ ਦੀ ਵਰਤੋਂ ਕਰਕੇ ਜਾਚਕ ਨੂੰ ਭਗਤੀ ਦੇ **ਪ੍ਰਮੁਖ ਲੱਛਣਾਂ** ਬਾਰੇ ਦਸਿਆ ਹੈ ਜੋ ਇਸ ਪ੍ਰਕਾਰ ਹਨ:

**ਪ੍ਰੇਮ ਆਧਾਰਤ :-** ਭਗਤੀ ਮੂਲ਼ ਰੂਪ ਵਿਚ ਪ੍ਰੇਮ ਆਧਾਰਤ ਹੈ। ਗੁਰੂ ਤੇਗ ਬਹਾਦਰ ਜੀ ਅਨੁਸਾਰ ਪ੍ਰੇਮਾ ਭਗਤੀ ਮਨੁਖੀ ਜੀਵਨ ਦਾ ਆਧਾਰ ਹੈ ਜਿਸ ਤਰ੍ਹਾਂ ਜਲ ਮੱਛੀ ਦੇ ਜੀਵਨ ਦਾ ਆਧਾਰ ਹੈ। ਦੂਜੇ ਸ਼ਬਦਾਂ ਵਿਚ ਭਗਤੀ ਗੁਰੂ ਸਾਹਿਬ ਅਨੁਸਾਰ 'ਜਲ ਮੀਨ' ਦੇ ਪ੍ਰੇਮ ਸਮਾਨ ਹੀ ਪ੍ਰਭੂ ਪਤੀ ਪ੍ਰੇਮ ਦਾ ਪ੍ਰਗਟਾਵਾ ਹੈ।[1]

ਭਗਤੀ ਦਾ ਆਧਾਰ ਪ੍ਰੇਮ ਪ੍ਰਭੂ ਸੰਬੰਧਤ ਪ੍ਰੇਮ ਹੈ ਜਿਸ ਨੂੰ ਗੁਰੂ ਸਾਹਿਬ ਨੇ ਉਪਦੇਸ਼ਾਤਮਕ ਅਤੇ ਨਿਸ਼ਚਾਤਮਕ ਦੋਹਾਂ ਢੰਗਾਂ ਨਾਲ ਦ੍ਰਿੜਾਇਆ ਹੈ:

*ਰੇ ਮਨ ਰਾਮ ਸਿਉ ਕਰ ਪ੍ਰੀਤਿ॥*[2]

*ਅਤੇ*

*ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥*
*ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ॥*[3]

**ਸੱਚ ਅਤੇ ਸਦ ਸਥਿਰ:** ਦੁਨਿਆਵੀ ਪਦਾਰਥਾਂ ਅਤੇ ਸੰਬੰਧਾਂ ਦੇ ਟਾਕਰੇ ਤੇ ਭਗਤੀ ਦਾ ਹੀ ਜੀਵ ਨੂੰ ਅੰਤ ਸਮੇਂ ਸੰਗ ਸਾਥ ਪ੍ਰਾਪਤ ਹੋਣ ਕਾਰਨ ਸਾਰੇ ਸੰਸਾਰਕ ਪਦਾਰਥ ਅਤੇ ਰਿਸ਼ਤੇ ਮਿਥਿਆ ਹਨ। ਕੇਵਲ ਭਗਤੀ ਦੀ ਸੱਤਤਾ ਅਤੇ ਸੱਦ ਸਥਿਰਤਾ ਅਟਲ ਸੱਚਾਈ ਹੈ। ਗੁਰੂ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਮੈਂ ਜਗਤ ਨੂੰ ਆਪਣਾ ਜਾਣ ਕੇ, ਆਪਣਾ ਬਣਾ ਕੇ ਵੇਖ ਲਿਆ ਹੈ ਪਰ ਇਸ ਜਗਤ ਵਿਚ ਕੋਈ ਸੰਬੰਧ ਸਦ ਸਥਿਰ ਨਹੀਂ, ਸਥਿਰ ਤਾਂ ਕੇਵਲ ਪ੍ਰਭੂ ਭਗਤੀ ਹੀ ਹੈ।[4]

**ਅਨੰਨ ਭਾਵਨਾ ਨਾਲ ਓਤਪੋਤ:-** ਗੁਰੂ ਤੇਗ ਬਹਾਦਰ ਜੀ ਨੇ ਭਗਤੀ ਨੂੰ ਅਨੰਨ ਭਾਵਨਾ ਓਤਪੋਤ ਜਾਂ ਏਕਾਂਤਿਕ ਪ੍ਰਕ੍ਰਿਤੀ ਯੁਕਤ ਦਰਸਾਇਆ ਹੈ। ਉਹਨਾਂ ਅਨੁਸਾਰ ਜਿਸ ਪ੍ਰਕਾਰ ਕੁੱਤਾ ਆਪਣੇ ਅੰਨਦਾਤਾ ਸੁਆਮੀ ਦਾ ਦਰ ਕਦੇ ਨਹੀਂ ਛੱਡਦਾ ਅਤੇ ਹਮੇਸ਼ਾ ਉਸ ਉਤੇ ਟਿਕਿਆ


© Copyright @ Authors

 

ਰਹਿੰਦਾ ਹੈ। ਉਤੇ ਤਰ੍ਹਾਂ 'ਇਕ ਮਨਿ' ਅਤੇ 'ਇਕ ਚਿਤਿ' ਹੋ ਕੇ ਅਨੰਨ ਭਾਵ ਨਾਲ ਸਰਬ ਲੋਕ ਦੇ ਅੰਨਦਾਤਾ ਹਰੀ ਦੀ ਭਗਤੀ ਕਰਨੀ ਚਾਹੀਦੀ ਹੈ।[5]

**ਗਿਆਨ:-** ਭਗਤੀ ਨੂੰ ਗੁਰੂ ਤੇਗ ਬਹਾਦਰ ਜੀ ਗਿਆਨ ਉਤਪਾਦਕ ਮੰਨਦੇ ਹਨ। ਅਗਿਆਨਤਾ ਵਸ ਮਨੁਖ ਮਾਇਆ ਵਿਚ ਗ੍ਰਸਿਤ ਰਹਿੰਦਾ ਹੈ ਪਰ ਪ੍ਰਭੂ ਦੇ ਨਾਮ ਰੂਪੀ ਭਗਤੀ ਨਾਲ ਅਗਿਆਨ ਦੇ ਹਨੇਰੇ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਨਿਰਮਲ ਗਿਆਨ ਦਾ ਪ੍ਰਕਾਸ਼ ਉਜਾਗਰ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ਭਗਵੰਤ ਭਜਨ ਅਤੇ 'ਗੁਰੂ ਜਨ' ਦੀ ਸੇਵਾ ਤੋਂ ਬਿਨਾਂ ਗਿਆਨ ਦਾ ਉਦੈ ਨਹੀਂ ਹੁੰਦਾ:

*ਮਾਈ ਮੈ ਧਨ ਪਾਇਓ ਹਰਿ ਨਾਮੁ॥*

*ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥1॥ ਰਹਾਉ॥*

*ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥*

*ਲੋਭ ਮੋਹ ਏਹ ਪਰਸ ਨ ਸਾਕੇ ਗਹੀ ਭਗਤਿ ਭਗਵਾਨ॥*[6]

**ਜੀਵਨ ਮੁਕਤ:-** ਭਗਤੀ ਜੀਵ ਨੂੰ ਜੀਵਨ ਮੁਕਤ ਦੀ ਅਵਸਥਾ ਤੱਕ ਲੈ ਜਾਂਦੀ ਹੈ।ਅਸਲ ਵਿਚ ਜੀਵਨ ਮੁਕਤ ਇਕ ਐਸੀ ਅਵਸਥਾ ਹੈ ਜੋ ਮਨੁਖ ਨੂੰ ਸਹਿਜੇ ਹੀ ਸੱਚੇ ਪ੍ਰਭੂ ਨਾਲ ਮਿਲਾ ਦਿੰਦੀ ਹੈ। ਇਹ ਸਹਿਜ ਅਵਸਥਾ ਨੂੰ ਪ੍ਰਾਪਤ ਕਰਨ ਲਈ ਸੱਚ, ਸੁੱਚ, ਸੰਜਮ, ਸੰਤੋਖ, ਮਿੱਠਤ, ਨਿਮਰਤਾ, ਖੇੜਾ, ਪਿਆਰ, ਦਇਆ, ਪਰਉਪਕਾਰ, ਸੇਵਾ ਭਾਵਨਾ, ਬਰਾਬਰੀ, ਸਹਿਣਸ਼ੀਲਤਾ, ਦੂਜਿਆਂ ਲਈ ਦਰਦ, ਵਿਸ਼ਾਲ ਦ੍ਰਿਸ਼ਟੀ ਤੇ ਚੜ੍ਹਦੀ ਕਲਾ ਵਰਗੇ ਨੈਤਿਕ ਗੁਣਾਂ ਦਾ ਧਾਰਨੀ ਬਣਾ ਪੈਂਦਾ ਹੈ। ਐਸੀ ਅਵਸਥਾ ਵਾਲਾ ਗਿਆਨੀ ਪੁਰਸ਼ ਉਸਤਤਿ, ਨਿੰਦਾ, ਲੋਭ, ਮੋਹ, ਦੁਖ, ਸੁੱਖ[7], ਮਾਨ ਮੋਹ ਤੋਂ ਉਪਰ ਉਠ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਉਸ ਦੇ ਗੁਣਾਂ ਨੂੰ ਗਾਉਂਦਾ ਹੋਇਆ 'ਜੀਵਨ ਮੁਕਤ' ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ।[8] ਅਸਲ ਵਿਚ ਜੀਵਨ ਮੁਕਤ ਇਕ ਐਸੀ ਅਵਸਥਾ ਹੈ ਜਿੱਥੇ ਜੀਵ ਬ੍ਰਹਮ ਸਰੂਪ ਹੋ ਜਾਂਦਾ ਹੈ, ਦਵੈਤ ਅਥਵਾ ਭੇਦ ਦਾ ਵਿਨਾਸ਼ ਹੋ ਕੇ ਸਾਧਕ ਸਾਧਯ ਦਾ ਇਕ ਰੂਪ ਹੋ ਜਾਂਦਾ ਹੈ। ਅਜਿਹੀ ਮੁਕਤ ਅਵਸਥਾ ਦੀ ਪ੍ਰਾਪਤੀ ਭਗਤੀ ਦੇ ਹੀ ਫਲਸਰੂਪ ਹੁੰਦੀ ਹੈ:

*ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥*

*ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥*[9]

**ਭਗਤੀ ਮਨੁੱਖ ਨੂੰ ਨੈਤਿਕਤਾ** ਦੇ ਸੰਕਲਪ ਨਾਲ ਜੋੜਦੀ ਹੈ। ਭਗਤੀ ਸ਼ਰਨਧਾਰੀ ਅਤੇ ਸ਼ਰਨਾਰਥੀ ਜੀਵਨ ਨੂੰ ਵਿਸ਼ੇ ਵਿਕਾਰਾਂ ਤੋਂ ਉਪਰ ਚੁੱਕ ਕੇ ਮਨ ਨੂੰ ਪਵਿੱਤਰ ਅਤੇ ਬਲਵਾਨ ਕਰਦੀ ਹੈ। ਅਸਲ ਵਿੱਚ ਵਿਸ਼ੇ ਵਿਕਾਰਾਂ ਨਾਲ ਨਾ ਮਨ ਤ੍ਰਿਪਤ ਹੁੰਦਾ ਹੈ ਅਤੇ ਨਾ ਹੀ ਜੀਵਨ ਉੱਚਾ ਹੁੰਦਾ ਹੈ। ਬੰਦਗੀ ਕਰਦਿਆਂ ਅਚੇਤ ਪਾਪਾਂ ਤੋਂ ਵੀ ਭੈ ਖਾਣਾ ਜ਼ਰੂਰੀ ਸ਼ਰਤ ਹੈ। ਮਨ ਤ੍ਰਿਸ਼ਨਾ ਅਤੇ ਵਾਸਨਾ ਦੇ ਕਾਰਨ ਭਟਕਦਾ ਫਿਰਦਾ ਹੈ, ਟਿਕਦਾ ਨਹੀਂ। ਇਸ ਬਾਰੇ ਗੁਰੂ ਜੀ ਫੁਰਮਾਉਂਦੇ ਹਨ:

*ਸਾਧੋ ਇਹੁ ਮਨੁ ਗਹਿਓ ਨ ਜਾਈ॥*

*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥ ਰਹਾਉ॥*[10]

ਡਾ. ਗੁਰਚਰਨ ਸਿੰਘ ਲਿਖਦੇ ਹਨ ਕਿ ਸਾਡੀ ਚਾਹਤ, ਸਾਡੀ ਠੱਗੀ ਸਦਾ ਕਾਮਯਾਬ ਨਹੀਂ ਹੁੰਦੀ। ਅਸੀਂ ਸੁਖਾਂ ਲਈ ਯਤਨ ਕਰਦੇ ਹਨ, ਪਰ ਦੁਖ ਮਿਲ ਜਾਂਦੇ ਹਨ। ਇੱਥੇ ਇਹ ਵਿਸ਼ਵਾਸ ਬਣਦਾ ਹੈ ਕਿ ਸਾਡੀ ਸਫਲਤਾ ਤੇ ਅਸਫਲਤਾ ਪਰਮਾਤਮਾ ਦੇ ਹੁਕਮ ਵਿਚ ਹੈ।[11] ਭਗਤੀ ਜਨਮ ਜਨਮਾਂਤਰਾਂ ਦੇ ਸ਼ੰਕਿਆਂ ਦੇ ਨਿਰਮਾਣ ਦੇ ਸਮਰੱਥ ਹੈ। ਭਗਤੀ ਦੁਖ ਹਰਣੀ ਹੈ।[12] ਭਗਤੀ ਦੁਰਾਚਾਰੀ ਕਰਮਾਂ ਦਾ ਨਾਸ ਕਰਕੇ ਜੀ ਨੂੰ ਪਵਿੱਤਰ ਪਾਵਨ ਕਰ ਦਿੰਦੀ ਹੈ।[13]

ਭਗਤੀ ਸਿਮਰਨ ਕਰਨ ਵਾਲਾ ਜੀਵਨ ਪਰਮਾਤਮਾ ਅਸਲ ਵਿਚ ਅਭੇਦ ਹੋ ਜਾਣ ਤੇ ਕਿਸੇ ਦੀ ਦਾਸਤਾ ਨੂੰ ਪਰਵਾਣ ਨਹੀਂ ਕਰਦਾ । ਉਹ ਨਾ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਹੀ ਕਿਸੇ ਤੋਂ ਭੈ ਖਾਂਦਾ ਹੈ। ਉਹ ਹਰ ਪ੍ਰਕਾਰ ਦੇ ਡਰ ਭਉ ਤੋਂ ਮੁਕਤ ਹੋ ਜਾਂਦਾ ਹੈ:

*ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥*[14]

ਅਸਲ ਵਿਚ ਭਗਤੀ ਸਮਸਤ ਜਗਤ ਦੀ ਵਿਜੈ ਦਾ ਪ੍ਰਤੀਕ ਹੈ, ਭਾਵ ਜਿਸ ਜੀਵ ਨੇ ਭਗਤੀ ਨੂੰ ਪ੍ਰਾਪਤ ਕਰ ਲਿਆ, ਉਸ ਨੇ ਮਾਨੋ, ਫਲਸਰੂਪ ਜਗਤ ਨੂੰ ਜਿੱਤ ਲਿਆ ਜਾਂ ਆਪਣੇ ਵੱਸ ਵਿਚ ਕਰ ਲਿਆ:

*ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥*[15]

**ਜੀਵਨ ਦਾ ਲਕਸ਼:-** ਗੁਰੂ ਤੇਗ ਬਹਾਦਰ ਜੀ ਭਗਤੀ ਨੂੰ ਮਨੁੱਖੀ ਜੀਵਨ ਦਾ ਲਕਸ਼ ਮੰਨਦੇ ਹਨ ਜਿਸ ਤੋਂ ਬਿਨਾਂ ਜੀਵਨ ਵਿਅਰਥ ਹੈ, ਨਿਰਾਧਾਰ ਹੈ, ਉਦੇਸ਼-ਹੀਨ ਅਤੇ ਅਜਾਈ ਬੀਤ ਜਾਂਦਾ ਹੈ। ਸੌਖੇ ਸ਼ਬਦਾਂ ਵਿਚ ਲਕਸ਼ਹੀਣ ਮਨੁਖ ਦੇ ਜੀਵਨ ਦੇ ਤਿੰਨ ਪੜਾਅ - ਬਾਲ, ਜੁਆਨੀ ਅਤੇ ਬੁਢੇਪਾ ਨਿਰਮੂਲ ਹੋ ਜਾਂਦੇ ਹਨ:-

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*

*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥*[16]


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਭਗਤੀ ਦੀ ਸੰਪੰਨਤਾ ਕੇਵਲ ਆਪੇ ਦਾ ਉਧਾਰ ਹੀ ਨਹੀਂ ਸਗੋਂ ਇਸ ਦਾ ਲਕਸ਼ ਤਾਂ ਦੂਜਿਆਂ ਦਾ ਭਲਾ ਕਰਨਾ, ਪਰਉਪਕਾਰ ਦੀ ਖਾਤਿਰ ਆਪਾ ਵਾਰਨਾ ਭਾਵ ਸੇਵਾ ਦੇ ਆਦਰਸ਼ ਦੇ ਨਾਲ ਨਾਲ ਕੁਰਬਾਨੀ ਦੇ ਮਾਰਗ ਉਤੇ ਪਹਿਰਾ ਦੇਣਾ ਹੁੰਦਾ ਹੈ।

ਪ੍ਰੋ: ਗੁਰਬਚਨ ਸਿੰਘ ਤਾਲਿਬ ਲਿਖਦੇ ਹਨ ਕਿ ਭਗਤੀ ਹੀ ਇਹ ਤੀਬਰ ਭਾਵਨਾ ਜੋ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਹੈ, ਉਸ ਨੂੰ ਔਰੰਗਜ਼ੇਬ ਦੇ ਧਰਮ ਉਪਰ ਅਤਿਆਚਾਰੀ ਪ੍ਰਸ਼ਾਸ਼ਨ ਦੇ ਪ੍ਰਸੰਗ ਵਿਚ ਵਿਚਾਰ ਕੇ ਪ੍ਰਤੀਤ ਹੋ ਜਾਂਦਾ ਹੈ ਕਿ ਉਸ ਉਪਦਰਵੀ ਜੁੱਗ ਵਿਚ ਮਨੁਖੀ ਮਨ ਉਪਰ ਪ੍ਰਭੂ ਭਗਤੀ ਅਤੇ ਦ੍ਰਿੜ ਵਿਸ਼ਵਾਸ ਪ੍ਰਪੱਕ ਕਰਨ ਦੀ ਕਿੰਨੀ ਲੋੜ ਸੀ।[17]

**ਭਗਤੀ ਦੇ ਸਾਧਨ:-** ਗੁਰੂ ਤੇਗ ਬਹਾਦਰ ਜੀ ਨੇ ਭਗਤੀ ਪ੍ਰਾਪਤੀ ਦੇ ਕਈ ਸਾਧਨਾਂ ਉਤੇ ਵੀ ਚਾਨਣਾ ਪਾਇਆ ਹੈ - ਜਿਸ ਵਿਚ ਸਰਵ ਵਿਆਪਕ ਸੱਤਾ ਵਿਚ ਅਟੁੱਟ ਵਿਸ਼ਵਾਸ, ਗੁਰੂ ਦੀ ਸ਼ਰਨ, ਹਰੀ ਦਾ ਗੁਣ ਗਾਇਨ, ਸਾਧ ਸੰਗਤਿ, ਪ੍ਰਭ ਕਿਰਪਾ, ਵਿਸ਼ੇ ਵਿਕਾਰ ਤੋਂ ਨਿਰਲੇਪਤਾ, ਸਦਾਚਾਰਕ ਗੁਣਾਂ ਦੀ ਪਾਲਨਾ, ਸ਼ੁਭ ਕਰਮ ਅਤੇ ਭਰਮ ਭੁਲੇਖਿਆ ਤੋਂ ਉਪਰਾਮਤਾ ਆਦਿ ਸ਼ਾਮਿਲ ਹਨ।

**ਸਰਵਵਿਆਪਕ ਸਤਾ ਵਿਚ ਅਟੁੱਟ ਵਿਸ਼ਵਾਸ:-** ਗੁਰੂ ਤੇਗ ਬਹਾਦਰ ਜੀ ਭਗਤੀ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਸਰਵ ਵਿਆਪਕ ਸੱਤਾ ਵਿਚ ਅਟੁੱਟ ਵਿਸ਼ਵਾਸ ਨੂੰ ਬਹੁਤ ਮਹੱਤਵ ਦਿੰਦੇ ਹਨ। ਗੁਰੂ ਜੀ ਸਰਵ ਵਿਆਪਕ ਸੱਤਾ ਭਾਵ ਪਰਮ ਸੱਤਾ ਪ੍ਰਭੂ ਪਰਮਾਤਮਾ ਨੂੰ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਵਿਚ ਉਲੀਕਦੇ ਹਨ। ਪਰਮਾਤਮਾ ਨਿਰਗੁਣ ਰੂਪ ਵਿਚ ਅਦ੍ਰਿਸ਼ਟ ਹੈ ਪਰ ਸਰਗੁਣ ਹੋ ਕੇ ਸਾਰੀ ਰਚਨਾ ਵਿਚ ਵਿਆਪਕ ਹੋ ਕੇ ਸਮਾਇਆ ਹੋਇਆ ਹੈ। ਉਹ ਅਨੰਤ, ਅਸੀਮ, ਅਕਥ ਅਤੇ ਬੇਅੰਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਅਨੁਭਵ, ਦ੍ਰਿੜ ਵਿਸ਼ਵਾਸ ਤੇ ਜੀਵਨ ਤਜ਼ਰਬਾ ਹੈ ਕਿ ਪਰਮਾਤਮਾ ਜੋ ਚਾਹੇ ਸੋ ਕਰ ਸਕਦਾ ਹੈ। ਸਰਬ ਸ਼ਕਤੀਮਾਨ ਹੈ:

*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥*

*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*

*ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*[18]

ਪ੍ਰਭੂ ਪਰਮਾਤਮਾ ਘਟ-ਘਟ ਵਿਚ ਵਸਿਆ ਹੋਇਆ ਹੈ ਜਿਵੇਂ ਫੁੱਲਾਂ ਵਿਚ ਖੁਸ਼ਬੂ ਵਸਦੀ ਹੈ ਅਤੇ ਸ਼ੀਸ਼ੇ ਵਿਚ ਪਰਛਾਵਾਂ ਦਿਸਦਾ ਹੈ।[19] ਗੁਰੂ ਜੀ ਦੇ ਸਮਕਾਲੀ ਵਾਤਾਵਰਨ ਵਿਚ ਹਿੰਦੂਆਂ ਉਤੇ ਘੋਰ ਅੱਤਿਆਚਾਰ ਕਰਕੇ ਮੁਸਲਮਾਨ ਆਪਣੀ ਥੋਥੀ ਧਰਮਤਾ ਦਾ ਦਿਖਾਵਾ ਕਰ ਰਹੇ ਸਨ। ਗੁਰੂ ਜੀ ਨੇ ਸਮੇਂ ਦੀ ਨਬਜ਼ ਪਛਾਣਦਿਆਂ ਹੋਏ ਭਾਰਤੀਆਂ ਨੂੰ ਸਰਵਵਿਆਪਕ ਸੱਤਾ ਦੇ ਬੋਧ ਦਾ ਸਹੀ ਮਾਰਗ ਦਿਖਾਉਣਾ ਚਾਹੁੰਦੇ ਸਨ। ਸਮਾਜ ਵਿਚ ਫੈਲੀਆਂ ਗਲਤ ਧਾਰਨਾਵਾਂ ਦਾ ਅੰਤ ਕਰਕੇ ਪ੍ਰਭੂ ਦੇ ਸਰੂਪ ਨੂੰ ਨਿਸ਼ਚਤ ਕਰਨ ਹੀ ਨਹੀਂ ਸਗੋਂ ਉਸ ਦੀ ਹੋਂਦ ਦਾ ਵਖਿਆਨ ਕਰਕੇ ਭਗਤੀ ਰਾਹੀਂ ਉਸ ਵਿਚ ਅਟੁੱਟ ਵਿਸ਼ਵਾਸ ਦਾ ਸੰਕਲਪ ਭਰਨਾ ਚਾਹੁੰਦੇ ਸਨ।

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*

*ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰ॥*[20]

**ਗੁਰੂ ਤੇ ਉਸਦੀ ਸ਼ਰਨ:-** ਗੁਰੂ ਸਾਹਿਬ ਅਨੁਸਾਰ ਭਗਤੀ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਸੰਭਵ ਹੈ। ਗੁਰੂ ਗਿਆਨ ਪ੍ਰਦਾਤਾ ਹੈ। ਮੁਕਤੀ ਦਾ ਰਾਹ ਦਿਸੇਰਾ ਹੈ ਅਤੇ ਉਸ ਦੀ ਕਿਰਪਾ ਸਦਕਾ ਹੀ ਪਰਮਾਤਮਾ (ਪ੍ਰਭੂ) ਨਾਲ ਅਭੇਦ ਅਵਸਥਾ ਦੀ ਪ੍ਰਾਪਤੀ ਹੋ ਸਕਦੀ ਹੈ। ਇਸੇ ਲਈ ਹੀ ਗੁਰੂ ਸਾਹਿਬ ਨੇ ਗੁਰੂ ਦੇ ਦਿਤੇ 'ਉਪਦੇਸ਼' ਨੂੰ ਗ੍ਰਹਿਣ ਕਰਨਾ ਦ੍ਰਿੜਾਇਆ ਹੈ:

*ਬਾਹਰ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥*[21]

ਗੁਰੂ ਦੇ ਲਛਣਾਂ ਬਾਰੇ ਗੁਰੂ ਜੀ ਦੱਸਦੇ ਹਨ ਕਿ ਉਹ ਸੰਸਾਰ ਦੇ ਉਧਾਰ ਲਈ ਸੰਸਾਰ ਵਿਚ ਆਉਂਦਾ ਹੈ। ਸੁੱਖ-ਦੁੱਖ, ਖੁਸ਼ੀ-ਗਮੀ, ਪ੍ਰਸੰਸਾ-ਨਿੰਦਿਆ, ਅੰਮ੍ਰਿਤ-ਜ਼ਹਿਰ, ਸੋਨਾ-ਤਾਂਬਾ, ਸੁਰਗ-ਨਰਕ ਉਸ ਲਈ ਇਕ ਸਮਾਨ ਹੁੰਦੇ ਹਨ। ਉਹ ਨਿਰਭੈ ਅਤੇ ਨਿਰਵੈਰ ਹੁੰਦਾ ਹੈ। ਉਸ ਵਿਚ ਸਾਰੇ ਪਰਮ ਗੁਣ ਮੌਜੂਦ ਹੁੰਦੇ ਹਨ ਜਿਹਨਾਂ ਰਾਹੀਂ ਪ੍ਰਭੂ ਦਾ ਗਿਆਨ ਹੁੰਦਾ ਹੈ। ਉਹ ਸਦਾ ਪ੍ਰਭੂ ਦੀ ਵਡਿਆਈ ਅਤੇ ਸਿਮਰਨ ਵਿਚ ਲੀਨ ਰਹਿੰਦਾ ਹੈ। ਐਸਾ ਗਿਆਨੀ ਗੁਰੂ ਮੁਕਤ ਅਵਸਥਾ ਤੇ ਪਹੁੰਚ ਕੇ ਪ੍ਰਭੂ ਦਾ ਰੂਪ ਹੋ ਨਿਬੜਦਾ ਹੈ।[22] ਗੁਰੂ ਤੇਗ ਬਹਾਦਰ ਜੀ ਆਪਣੀ ਗਵਾਹੀ ਰਾਹੀਂ ਗੁਰੂ ਦੀ ਸ਼ਰਨ ਵਿਚ ਜਾਣ ਲਈ ਪ੍ਰੇਰਦੇ ਹਨ ਕਿ ਜੋ ਮਨੁਖ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ, ਉਹ ਸੰਸਾਰ ਦੇ ਬੰਧਨਾਂ ਤੇ ਕਲੇਸ਼ਾਂ ਤੋਂ ਛੁਟਕਾਰਾ ਪਾ ਲੈਂਦੇ ਹਨ। ਕੋਈ ਜਾਤ-ਪਾਤ, ਦੇਸ਼-ਕੋਮੀਅਤ, ਧਰਮ, ਕਿੱਤਾ, ਉਮਰ ਤੇ ਲਿੰਗ ਗੁਰੂ ਦੀ ਸ਼ਰਨ ਵਿਚ ਆਉਣ ਤੋਂ ਨਹੀਂ ਰੋਕਦੇ। ਗੁਰੂ ਦੀ ਸ਼ਰਨ ਲੈਣਾ ਇਕ ਮਾਨਸਿਕ ਕਿਰਿਆ ਹੈ। ਗੁਰੂ ਦੀ ਸ਼ਰਨ ਦੇ ਦੋ ਅਰਥ ਲਏ ਜਾਂਦੇ ਹਨ ਇਕ ਤਾਂ ਗੁਰੂ ਦੇ ਉਪਦੇਸ਼ ਨੂੰ ਹੁਕਮ ਰਜਾਈ ਦੇ ਸਿਧਾਂਤ ਵਿਚ ਮੰਨਣਾ ਅਤੇ ਦੂਜਾ ਗੁਰੂ ਨੂੰ ਅੰਗ ਸੰਗ ਮੰਨ ਕੇ ਉਸ ਦੀ ਸਮਰਥਾ ਦੇ ਭਰੋਸੇ ਵਿਚ ਰਹਿਣਾ। ਗੁਰੂ ਅਤੇ ਉਸਦੀ ਸ਼ਰਨ ਬਾਰੇ ਵਰਨਣ ਕਰਦੇ ਹੋਏ ਆਪ ਗੁਰੂ ਦੀ ਸਥਿਰਤਾ ਵਲ ਵੀ ਸੰਕੇਤ ਕਰਦੇ ਹਨ:

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*[23]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਹਰੀ ਦਾ ਗੁਣ ਗਾਇਨ:-** ਗੁਰੂ ਤੇਗ ਬਹਾਦਰ ਜੀ ਦੇ ਭਗਤੀ ਦਰਸ਼ਨ ਵਿੱਚ ਹਰੀ ਦੇ ਗੁਣ ਗਾਇਨ ਨੂੰ ਮਹਤੱਵਪੂਰਨ ਸਾਧਨ ਸਵੀਕਾਰਿਆ ਹੈ। ਹਰੀ ਦੇ ਗੁਣ ਗਾਇਨ ਨਾਲ ਜੀਵ ਦਾ ਜਨਮ ਸਫਲਾ ਹੋ ਜਾਂਦਾ ਹੈ।[24] ਹਰੀ ਜਨ ਸਾਧਕ ਦਾ ਸੰਗੀ ਸਾਥੀ ਹੈ। ਹਰੀ ਦੇ ਗੁਣ ਗਾਇਨ ਦੀ ਗੁਰੂ ਜੀ ਨੇ ਆਪਣੀ ਬਾਣੀ ਵਿਚ ਬਾਰ ਬਾਰ ਪ੍ਰੇਰਨਾ ਦਿੱਤੀ ਹੈ:

*ਰੇ ਮਨ ਰਾਮ ਸਿਉ ਕਰ ਪ੍ਰੀਤਿ*

*ਸ੍ਰਵਨ ਗੋਬਿੰਦ ਗੁਨ ਸੁਨਉ ਅਰੁ ਗਾਉ ਰਸਨਾ ਗੀਤ॥*[25]

ਹਰੀ ਦੇ ਗੁਣ ਗਾਇਨ ਦੇ ਸਮਾਨ ਕੁਝ ਵੀ ਨਹੀਂ ਹੈ। ਉਸ ਦੇ ਸਿਮਰਨ ਨਾਲ ਸੰਕਟ ਮਿਟ ਜਾਦੇ ਹਨ। ਇਕ ਘੜੀ ਦੇ ਸਿਮਰਨ ਨਾਲ ਹੀ ਜਮਾਂ ਦਾ ਡਰ ਮਿਟ ਜਾਂਦਾ ਹੈ ਅਤੇ ਜੀਵ ਨੂੰ ਆਪਣੇ ਜੀਵਨ ਦੇ ਅਸਲੀ ਲਕਸ਼ ਦੀ ਸੋਝੀ ਹੋ ਜਾਂਦੀ ਹੈ:

*ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥*

*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥*[26]

*ਅਤੇ*

*ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ॥*

*ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ॥*[27]

ਹਰੀ ਗੁਣ ਗਾਇਨ ਰੂਪੀ ਭਗਤੀ ਹੀ ਮੁਕਤੀ ਦਾ ਪੰਥ ਹੈ ਜੋ ਜੀਵ ਆਪਣੀ ਘਾਲਣਾ ਦੁਆਰਾ 'ਗੁਰਮੁਖਿ' ਹੋ ਕੇ ਪ੍ਰਾਪਤ ਕਰ ਸਕਦਾ ਹੈ:

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥[28]

**ਸਾਧ ਸੰਗਤਿ:-** ਸੰਤ ਸੰਗਤਿ ਨਾਲ ਦੁਰਮਤ ਦਾ ਨਾਸ਼ ਹੁੰਦਾ ਹੈ ਅਤੇ ਗਿਆਨ ਦਾ ਪ੍ਰਕਾਸ਼ ਉਦੈ ਹੁੰਦਾ ਹੈ। ਸਾਧ ਸੰਗਤਿ ਅਧਿਆਤਮਿਕ ਉਨਤੀ ਦਾ ਇਕ ਮਹਤਵਪੂਰਨ ਸਾਧਨ ਹੈ। ਸੱਚੇ ਤੇ ਸੁੱਚੇ ਸਾਧ ਦੀ ਸੰਗਤਿ ਨਾਲ ਮਨੁਖ ਨੂੰ ਸੰਸਾਰਕ ਬੰਧਨਾਂ, ਪਦਾਰਥਾਂ, ਕਲੇਸ਼ਾਂ ਅਤੇ ਦੁੱਖਾਂ ਤੋਂ ਨਿਵਰਤੀ ਮਿਲ ਜਾਂਦੀ ਹੈ। ਸਤਿਸੰਗਤਿ ਕਰਨ ਵਾਲਾ ਆਪਣੇ ਸੁੱਖਾਂ ਦੇ ਨਾਲ ਸੰਸਾਰ ਦੇ ਸੁੱਖਾਂ ਲਈ ਪ੍ਰਯਤਨਸ਼ੀਲ ਹੋ ਜਾਂਦਾ ਹੈ। ਉਹ ਆਪ ਤਾਂ ਤਰ ਹੀ ਜਾਂਦਾ ਹੈ ਸਗੋਂ ਹੋਰਨਾਂ ਦਾ ਵੀ ਕਲਿਆਣ ਕਰਨ ਯੋਗ ਹੋ ਜਾਂਦਾ ਹੈ:

*ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥*

*ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥*[29]

*ਅਤੇ*

*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥*[30]

**ਪ੍ਰਭ ਕਿਰਪਾ:-** ਭਗਤੀ ਵਿਚ ਯਾਚਨਾ 'ਫਲ' ਦੀ ਨਹੀਂ ਪ੍ਰਭ ਕਿਰਪਾ ਦੀ ਹੁੰਦੀ ਹੈ ਜੋ ਸਭ ਗਿਣਤੀਆਂ ਮਿਣਤੀਆਂ ਅਤੇ ਸਿਧਾਂਤਾਂ ਤੋਂ ਉਪਰ ਹੁੰਦੀ ਹੈ। ਭਗਤੀ ਸੁੱਚੀ ਤਾਂ ਹੀ ਹੈ ਜੇ ਆਸ ਤੋਂ ਮੁਕਤ ਹੋਵੇ, ਨਿਰੋਲ ਅਤੇ ਸੰਪੂਰਨ ਦਾ ਭਾਵ ਸਵੈ ਸਮਰਪਣ ਹੋਵੇ। ਡਾ. ਗੁਰਬਚਨ ਸਿੰਘ ਤਾਲਿਬ ਅਨੁਸਾਰ ਭਗਤੀ ਵਿਚ ਜੋ 'ਕਿਰਪਾ' ਆਉਂਦੀ ਹੈ ਉਹ ਅਸਲ ਵਿੱਚ ਹਰਸ਼ ਤੇ ਵਿਸਮਾਦ ਦੀ ਦਾਤ ਹੁੰਦੀ ਹੈ।[31] ਜੇਕਰ ਜਾਚਕ ਸੱਚੇ ਦਿਲੋਂ ਭਗਤੀ ਅਤੇ ਯਾਚਨਾ ਕਰਦਾ ਹੈ ਤਾਂ ਪ੍ਰਭੂ ਪ੍ਰਸੰਨ ਚਿਤ ਹੋ ਕੇ ਉਸ ਉਤੇ ਆਪਣੀ ਕਿਰਪਾ ਕਰੋੜਾਂ ਗੁਣੀ ਕਰ ਦਿੰਦਾ ਹੈ। ਅਸਲ ਵਿਚ ਉਸ ਮਾਲਕ ਦੀ ਕਿਰਪਾ ਸਦਕਾ ਹੀ ਉਸ ਦਾ ਗੁਣ ਗਾਇਨ (ਸਿਮਰਨ) ਸੰਭਵ ਹੁੰਦਾ ਹੈ:

*ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥*[32]

ਪ੍ਰਭੂ ਦੀ ਆਪਣੇ ਭਗਤਾਂ ਉਤੇ ਕ੍ਰਿਪਾਲਤਾ ਦੀ ਕੋਈ ਸੀਮਾ ਨਹੀਂ ਹੁੰਦੀ, ਉਹ ਦਿਆਲ ਹੋ ਕੇ (ਕਿਰਪਾ ਸਦਕਾ) ਆਪਣੇ ਭਗਤਾਂ ਨੂੰ 'ਅਭੈਦਾਨ' ਦੀ ਬਖਸ਼ਿਸ਼ ਵੀ ਕਰ ਦਿੰਦਾ ਹੈ:

*ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥*

*ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥*[33]

**ਵਿਸ਼ੇ ਵਿਕਾਰਾਂ ਤੋਂ ਨਿਰਲੇਪਤਾ:-** ਗੁਰੂ ਤੇਗ ਬਹਾਦਰ ਜੀ ਨੇ ਭਗਤੀ ਪ੍ਰਾਪਤੀ ਦੇ ਸਾਧਨਾਂ ਵਿਚ ਵਿਸ਼ੇ ਵਿਕਾਰਾਂ ਤੋਂ ਨਿਰਲੇਪਤਾ ਦਾ ਮਾਰਗ ਦਰਸਾਇਆ ਹੈ। ਗੁਰੂ ਸਾਹਿਬ ਜੀ ਦੱਸਦੇ ਹਨ ਕਿ ਜਗਤ ਰਚਨਾ ਮਾਇਆ ਦਾ ਰੂਪ ਹੈ। ਮਨੁੱਖੀ ਜੀਵਨ ਦੇ ਨਿਰਬਾਹ ਅਤੇ ਵਿਕਾਸ ਲਈ ਮਾਇਆ ਏਨੀ ਬਲਵਾਨ ਹੈ ਕਿ ਇਹ ਮਨੁੱਖੀ ਮਨ ਨੂੰ ਭਰਮਾ ਕੇ ਆਪਣੇ ਅਧੀਨ ਕਰ ਲੈਂਦੀ ਹੈ। ਉਹ ਮਾਇਆ ਦੇ ਨਸ਼ੇ ਵਿਚ ਅੰਨਾ ਹੋ ਕੇ ਆਪਣੀ ਸੁੱਧ-ਬੁੱਧ ਗਵਾ ਲੈਂਦਾ ਹੈ। ਮਨੁੱਖ ਮਾਇਆ ਦੇ ਨਸ਼ੇ ਵਿਚ ਮਗਨ ਹੋ ਕੇ ਸਮਝਣ ਲੱਗਦਾ ਹੈ ਕਿ ਸਭ ਪਦਾਰਥ ਉਸ ਦੇ ਵਸ ਵਿਚ


© Copyright @ Authors

ਹੋ ਗਏ ਹਨ। ਪਰ ਹੁੰਦਾ ਇਸ ਦੇ ਉਲਟ ਹੈ। ਉਲਟਾ ਪ੍ਰਾਣੀ ਪਦਾਰਥਾਂ ਦੇ ਵੱਸ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਮਨੁੱਖ ਆਪਣੇ ਯਤਨਾਂ ਨਾਲ ਪਦਾਰਥਾਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਸੋਚਦਾ ਕੁਝ ਹੋਰ ਹੈ ਤੇ ਹੁੰਦਾ ਕੁਝ ਹੋਰ ਹੈ।[34]

ਮਨੁਖੀ ਮਨ ਦੀ ਭਟਕਣਾ ਦਾ ਮੂਲ ਕਾਰਨ ਤ੍ਰਿਸ਼ਨਾਵਾਂ ਹਨ। ਜਿਹਨਾਂ ਦੀ ਕੋਈ ਹੱਦ ਨਹੀਂ ਹੁੰਦੀ। ਇਹ ਸਦਾਚਾਰਕ ਜੀਵਨ ਵਿਚ ਇਕ ਵੱਡਾ ਰੋੜਾ ਹੁੰਦੀਆਂ ਹਨ। ਇਹਨਾਂ ਵਿਚ ਫਸਿਆ ਮਨੁੱਖ ਕਈ ਦੁਰਾਚਾਰੀ ਕਾਰਜ ਵੀ ਕਰ ਬੈਠਦਾ ਹੈ। ਵਿਕਾਰਾਂ ਦੇ ਵਸ ਵਿਚ ਆ ਕੇ ਕਈ ਵਾਰ ਉਹ ਆਪਣੀ ਅਣਖ ਤੇ ਸਵੈਮਾਨ ਵੀ ਗਵਾ ਬੈਠਦਾ ਹੈ। ਗੁਰੂ ਜੀ ਸੰਸਾਰ ਵਿਚ ਵਿਚਰਦੇ ਹੋਏ ਵਿਸ਼ੇ ਵਿਕਾਰਾਂ ਤੋਂ ਮਨ ਨੂੰ ਉਚਾ ਰਖਣ ਦੀ ਸਿਖਿਆ ਦਿੰਦੇ ਹਨ ਅਤੇ ਸੰਸਾਰੀ ਪਦਾਰਥਾਂ ਦੀ ਲਾਲਸਾ ਦੇ ਤਿਆਗ ਦੀ ਤਾਕੀਦ ਕਰਦੇ ਹਨ:

*ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥*

*ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥*

*ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥*

*ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥*[35]

ਵਿਸ਼ੇ ਵਿਕਾਰਾਂ ਨਾਲ ਆਤਮਿਕ ਮੌਤ ਹੁੰਦੀ ਹੈ। ਸਤਿਗੁਰ ਵਿਕਾਰੀ ਜੀਵਨ ਤੋਂ ਉਪਰ ਉਠਨ ਦੀ ਤਾਲੀਮ ਦਿੰਦੇ ਹੋਏ ਸਮਝਾਉਂਦੇ ਹਨ ਕਿ ਪਰਮਾਤਮਾ ਨੂੰ ਹਾਜ਼ਰ ਨਾਜਰ ਸਮਝ ਕੇ ਦੁਨੀਆਂ ਵਿਚਲੇ ਕਰਤੱਵਾਂ ਦੀ ਪਾਲਣਾ ਕਰੋ। ਜੋ ਜੀਵ ਨੂੰ ਨਿਰਭਉ ਪਦ ਅਤੇ ਅਮਰ ਪਦ ਦੀ ਪ੍ਰਾਪਤੀ ਵਿਚ ਸਹਾਈ ਹੁੰਦੇ ਹਨ।

*ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥*

*ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥*[36]

**ਸ਼ੁਭ ਕਰਮ ਅਤੇ ਵੈਰਾਗ:-** ਗੁਰੂ ਤੇਗ ਬਹਾਦਰ ਜੀ ਆਪਣੀ ਪਾਵਨ ਬਾਣੀ ਵਿਚ ਜੀਵ ਨੂੰ ਅਸਲੀ ਮਨੁਖ ਬਣਾਉਣ ਲਈ ਪੂਰਾ ਯਤਨ ਕਰਦੇ ਹਨ। ਆਪ ਜੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦੀ ਪੈਰਵੀ ਕਰਦੇ ਹੋਏ ਦਸਦੇ ਹਨ ਕਿ ਅਸਲੀ ਮਨੁਖ ਉਹ ਹੈ ਜੋ ਸੰਸਾਰ ਵਿਚ ਸ਼ੁਭ ਕਰਮ ਕਰਦੇ ਹੋਏ ਸਦਾਚਾਰਕ ਗੁਣਾਂ ਤੇ ਪਹਿਰਾ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਹੋਰ ਦਰਸਾਉਂਦੇ ਹਨ ਕਿ ਜਗਤ ਰਚਨਾ ਵਿਚ ਸਭ ਤੋਂ ਵਚਿੱਤਰ ਅਤੇ ਮਹਤੱਵਪੂਰਨ ਰਚਨਾ ਮਨੁਖ ਦੀ ਹੀ ਹੈ। ਮਨੁਖਾ ਜੀਵਨ ਬੜਾ ਅਮੋਲਕ ਹੈ ਅਤੇ ਅਨੇਕਾਂ ਜੂਨਾਂ ਦੇ ਗੇੜ ਕਟਣ ਤੋਂ ਬਾਅਦ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।[37] ਹਰੇਕ ਮਨੁਖ ਦੇ ਅੰਦਰ ਈਸ਼ਵਰੀ ਸ਼ਕਤੀ (ਆਤਮਾ) ਵਸਦੀ ਹੈ ਜੋ ਸੱਚੀ ਹੈ ਅਤੇ ਉਸ ਨੂੰ ਪਛਾਨਣਾ ਹੀ ਮਨੁਖ ਜੀਵਨ ਦਾ ਮਨੋਰਥ ਹੈ। ਜਦੋਂ ਮਨੁੱਖ ਸ਼ੁਭ ਕਰਮਾਂ ਕਰਕੇ ਝੂਠੀਆਂ ਕਦਰਾਂ ਕੀਤਮਾਂ ਦਾ ਤਿਆਗ ਕਰ ਦਿੰਦਾ ਹੈ ਤਾਂ ਉਸ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ। ਇਹੀ ਸੋਝੀ ਉਸਾ ਨੂੰ ਸਹਿਜ ਜਾਂ ਵੈਰਾਗ ਅਵਸਥਾ ਵਿਚ ਲੈ ਜਾਂਦੀ ਹੈ। ਵੈਰਾਗ ਉਹ ਅਵਸਥਾ ਹੈ ਜਿੱਥੇ ਸੰਸਾਰਕ ਜੰਜਾਲ ਖਤਮ ਹੋ ਜਾਂਦੇ ਹਨ ਮਨ ਸ਼ੁੱਧ ਹੋ ਜਾਂਦਾ ਹੈ ਅਤੇ ਸੱਚੇ ਪ੍ਰਭੂ ਨਾਲ ਲਿਵ ਲੱਗ ਕੇ ਅਨੁਰਾਗ ਪੈਦਾ ਹੋਣ ਲਗਦਾ ਹੈ। ਅਜਿਹੀ ਅਵਸਥਾ ਵਾਲਾ ਮਨੁੱਖ ਭਾਗਸ਼ਾਲੀ ਬਣ ਜਾਂਦਾ ਹੈ:

*ਜਿਹ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥*

*ਕਹੁ ਨਾਨਕ ਸੁਨੁ ਰੇ ਮਨਾ ਤਿਨ ਨਰ ਮਾਥੇ ਭਾਗੁ॥*[38]

**ਭਰਮ ਭੁਲੇਖਿਆਂ ਤੋਂ ਉਪਰਾਮਤਾ:-** ਭਗਤੀ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਭਰਮ ਭੁਲੇਖਿਆ ਦੀ ਕੋਈ ਥਾਂ ਨਹੀਂ ਹੁੰਦੀ। ਇਸੇ ਕਰਕੇ ਗੁਰੂ ਤੇਗ ਬਹਾਦਰ ਜੀ ਮਨੁਖ ਨੂੰ ਭਰਮ ਭੁਲੇਖਿਆਂ ਤੋਂ ਉਪਰਾਮ ਰਹਿਣ ਦਾ ਸੰਦੇਸ਼ ਦਿੰਦੇ ਹਨ। ਤੀਰਥ ਯਾਤਰਾ, ਇਸ਼ਨਾਨ, ਵਰਤ, ਯੱਗ, ਜੋਗ ਅਭਿਆਸ ਅਤੇ ਦਾਨ ਪੁੰਨ ਆਦਿ ਫੋਕਟ ਧਰਮ ਦੀਆਂ ਕ੍ਰਿਆਵਾਂ ਹਨ। ਅਸਲੀ ਧਰਮ ਉਹ ਭਗਤੀ ਹੈ ਜੋ ਪ੍ਰਭੂ ਵੱਲ ਲਿਆਵੇ ਅਤੇ ਈਮਾਨ ਨੂੰ ਪੱਕਾ ਕਰੇ। ਇਹਨਾਂ ਦਾ ਧਰਮ ਅਤੇ ਭਗਤੀ ਨਾਲ ਕੋਈ ਸੰਬੰਧ ਨਹੀਂ ਹੈ:

*ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥*

*ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥*[39]

ਗੁਰੂ ਜੀ ਸਿਖਿਆ ਦਿੰਦੇ ਹਨ ਕਿ ਨਿਰਮਲ ਭਗਤੀ ਰੂਪੀ ਗਿਆਨ ਦਾ ਦੀਪਕ ਜਗਾ ਕੇ ਇਹਨਾਂ ਭਰਮ ਭੁਲੇਖਿਆਂ ਦਾ ਹਨੇਰਾ ਮਿਟਾਇਆ ਜਾ ਸਕਦਾ ਹੈ:

*ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥*[40]

ਅਸਲ ਵਿੱਚ ਗੁਰੂ ਜੀ ਆਪ ਇੱਕ ਸੱਚੇ, ਸੁੱਚੇ ਅਤੇ ਆਦਰਸ਼ਵਾਦੀ ਭਗਤ ਸਨ। ਆਪ ਦੀ ਬਾਣੀ ਵਿੱਚੋ ਇਨਸਾਨੀਅਤ ਦਾ ਸੁਨੇਹਾ ਮਿਲਦਾ ਹੈ। ਆਪ ਨੇ ਭਗਤੀ ਨੂੰ ਦ੍ਰਿੜ ਕਰਾਉਣ ਉਤੇ ਬਹੁਤ ਜ਼ੋਰ ਦਿੱਤਾ ਹੈ। ਭਗਤੀ ਦਰਸ਼ਨ ਦਾ ਧੁਰਾ ਸਰਬਤ ਦਾ ਭਲਾ ਹੈ। ਭਗਤੀ ਭਾਵਨਾ ਆਸ਼ਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਮਕਾਲੀ ਅਤਿਆਚਾਰ ਦੇ ਯੁੱਗ ਵਿਚ ਗੁਰੂ ਜੀ ਨੇ ਅੰਤਰੀਵ ਮਨੋਬਿਰਤੀਆ ਨੂੰ ਸੰਜਮ ਵਿਚ ਲਿਆਉਣ, ਵਿਕਾਰਾਂ ਉਤੇ ਠੱਲ੍ਹ ਪਾਉਣ, ਨਿਰਭੈਤਾ, ਸ਼ਰਧਾ ਤੇ ਸਿਦਕ ਨੂੰ ਕਾਇਮ ਕਰਨ ਲਈ ਭਗਤੀ ਦਰਸ਼ਨ ਦਾ ਰਾਹ ਦਿਖਾਇਆ। ਗੁਰੂ ਜੀ ਦੇ ਭਗਤੀ ਦਰਸ਼ਨ ਨੇ ਮੱਧਕਲੀਨ ਸਰੂਪ ਜਿਥੇ ਗੀਤ, ਸੰਗੀਤ ਤੇ ਰਾਸ ਲੀਲਾ ਦਾ ਬੋਲਬਾਲਾ ਸੀ, ਦਾ ਕਾਇਆ ਕਲਪ ਕਰਕੇ ਉਸ


© Copyright @ Authors

ਨੂੰ ਅਸਪਾਤ ਦੀ ਬਜਰਤਾ ਬਣਾ ਦਿੱਤਾ ਜੋ ਸ਼ਹਾਦਤ ਦੀ ਭਾਵਨਾ ਬਣਕੇ ਉਭਰਿਆ। ਐਸੀ ਭਗਤੀ ਭਾਵਨਾ ਵਿਚ ਓਤਪ੍ਰੋਤ ਸਾਧਕ ਵੈਰਾਗ (ਸਹਿਜ) ਅਵਸਥਾ ਵਿਚ ਰਹਿੰਦੇ ਹੋਏ ਆਪਾ ਕੁਰਬਾਨ ਕਰਨ ਤੋਂ ਵੀ ਪਿਛੇ ਨਹੀਂ ਹਟਦਾ। ਸੋ ਗੁਰੂ ਤੇਗ ਬਹਾਦਰ ਜੀ ਦੇ ਇਸ ਸਦੀਵੀ ਭਗਤੀ ਦਰਸ਼ਨ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਲੋਕ ਪ੍ਰਲੋਕ ਸੁਹੇਲਾ ਕੀਤਾ ਜਾ ਸਕਦਾ ਹੈ।

**ਹਵਾਲੇ**

1. ਕਹੁ ਨਾਨਕ ਭਜੁ ਹਰਿ ਮਨਾ ਜਿਹ ਬਿਧਿ ਜਲ ਕਉ ਮੀਨ॥ (ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426)
2. ਸੋਰਠਿ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 631.
3. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426.
4. ਨਿਜ ਕਰ ਦੇਖਿਓ ਜਗਤ ਮੈ ਕੋ ਕਾਹੂ ਕੋ ਨਾਹਿ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖਹੁ ਮਨ ਮਾਹਿ॥ (ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428)
5. ਸੁਆਮੀ ਕਉ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥ (ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428)
6. ਰਾਗੁ ਬਸੰਤੁ ਹਿੰਡੋਲ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1186.
7. ਉਸਤਤਿ ਨਿੰਦਾ ਏ ਸਮ ਜਾ ਕੈ ਲੋਭ ਮੋਹੁ ਫੁਨਿ ਤੈਸਾ॥ ਦੁਖੁ ਸੁਖੁ ਏ ਬਾਧੇ ਜਿਹ ਨਾਹਿਨ ਤਿਹ ਤੁਮ ਜਾਨਉ ਗਿਆਨੀ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥ (ਰਾਗੁ ਗਉੜੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220)
8. ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥ (ਰਾਗੁ ਬਿਲਾਵਲੁ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 831)
9. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428.
10. ਰਾਗੁ ਗਉੜੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219.
11. ਖੋਜ ਪਤ੍ਰਿਕਾ, ਬਾਣੀਕਾਰ ਵਿਸ਼ੇਸ਼ ਅੰਕ 57, ਮਾਰਚ 2003, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 92.
12. ਦੁਖ ਹਰਤਾ ਹਰਿ ਨਾਮੁ ਪਛਾਨੋ॥ (ਰਾਗੁ ਬਿਲਾਵਲੁ ਮਹਲਾ ੯ ਦੁਪਦੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 830)
13. ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥ (ਰਾਗੁ ਸੋਰਠਿ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 631)
14. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
15. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428.
16. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428.
17. ਤਾਰਨ ਸਿੰਘ (ਸੰਪਾ:), ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ: 122.
18. ਰਾਗੁ ਬਿਹਾਗੜਾ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 537.
19. ਪੁਹਮ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ॥ (ਰਾਗੁ ਧਨਾਸਰੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 684)
20. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
21. ਰਾਗੁ ਧਨਾਸਰੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 684.
22. ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥ ਹਰਖ ਸੋਗ ਪਰਸੈ ਜਿਹ ਨਾਹਿਨ ਸੋ ਮੂਰਤਿ ਹੈ ਦੇਵਾ॥1॥ ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥ ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ॥ ਦੁਖੁ ਸੁਖੁ ਏ ਬਾਧੇ ਜਿਹ ਨਾਹਿਨ ਤਿਹ ਤੁਮ ਜਾਨਉ ਗਿਆਨੀ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥ (ਰਾਗੁ ਗਉੜੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220)
23. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429.


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

24. ਸੁਫਲੁ ਜਨਮ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ॥ (ਰਾਗੁ ਮਾਰੂ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1008)
25. ਰਾਗੁ ਸੋਰਠਿ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 631.
26. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429.
27. ਰਾਗੁ ਰਾਮਕਲੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 902.
28. ਰਾਗੁ ਗਉੜੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219.
29. ਰਾਗੁ ਸੋਰਠਿ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633.
30. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
31. ਤਾਰਨ ਸਿੰਘ (ਸੰਪਾ:), ਉਹੀ, ਪੰਨਾ 121.
32. ਰਾਗੁ ਬਸੰਤੁ ਹਿੰਡੋਲ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1186.
33. ਰਾਗੁ ਰਾਮਕਲੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 902.
34. ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥ ਕਹੁ ਨਾਨਕ ਸੁਨ ਰੇ ਮਨਾ ਹਰਿ ਭਾਵੈ ਸੋ ਹੋਇ॥ (ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428)
35. ਰਾਗੁ ਜੈਜਾਵੰਤੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1352.
36. ਰਾਗੁ ਗਉੜੀ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219.
37. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥ (ਰਾਗੁ ਸੋਰਠਿ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 631)
38. ਸਲੋਕ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
39. ਰਾਗੁ ਬਿਲਾਵਲੁ ਮਹਲਾ ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 831.
40. ਰਾਗੁ ਬਿਲਾਵਲੁ ਮਹਲਾ ੯ ਦੁਪਦੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 830.


© Copyright @ Authors